ਕੁਆਲੀਫਾਇੰਗ ਪੰਜਾਬੀ

LL-18/2051

B.T.T.M. sem 2

Set 02

851/ML

ਭਾਗ ੳ

ਪ੍ਰਸ਼ਨ 1: ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਕਰੋ

(ੳ) ਨਿਰਾਸ਼ ਹੋਣਾ ਮਨ੍ਹਾ ਹੈ ਲੇਖ ਦਾ ਸਾਰ ਲਿਖੋ।

(ਅ) ਬਾਲੀਵੁੱਡ ਵਿੱਚ ਬੱਲੇ- ਬੱਲੇ ਲੇਖ ਦਾ ਵਿਸ਼ਾ ਵਸਤੂ ਲਿਖੋ ।

(ੲ) ਭਰੂਣ ਹੱਤਿਆ - ਇਤਿਹਾਸ ,ਵਰਤਮਾਨ ਤੇ ਭਵਿੱਖ ਲੇਖ ਦਾ ਸਾਰ ਲਿਖੋ?

12 ਅੰਕ

ਪ੍ਰਸ਼ਨ 2:ਹੇਠਾਂ ਦਿੱਤੇ ਨਿਬੰਧਾਂ ਵਿਚਲੇ ਵਿਚਾਰਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰੋ

(ੳ) ਵਿਗਿਆਨ ਦਾ ਜਨਮ ਤਾਂ ਪ੍ਰਯੋਗਸ਼ਾਲਾ ਵਿੱਚ ਹੁੰਦਾ ਹੈ, ਪਰੰਤੂ ਸਮੁੱਚੀ ਮਾਨਵਤਾ ਦੀ ਸੂਝ ਨੂੰ ਟੁੰਬਣਾ ਇਸਦਾ ਫਰਜ਼ ਹੈ ਤੇ ਹਰ ਇੱਕ ਮਨੁੱਖ ਦੀ ਇਸ ਤੱਕ ਪਹੁੰਚ ਹੋਣੀ ਚਾਹੀਦੀ ਹੈ। ਇਸ ਕਥਨ ਨੂੰ ਵਿਗਿਆਨ ਅਤੇ ਸਭਿਆਚਾਰ ਲੇਖ ਦੇ ਆਧਾਰ ਤੇ ਪਰਖੋ।

(ਅ) ਵਿਸ਼ਵੀਕਰਨ ਦੇ ਯੁੱਗ ਵਿੱਚ ਹਾਲੀਵੁੱਡ ਵੀ ਪੰਜਾਬੀਆਂ ਦੀ ਮਾਰ ਬੱਲੇ ਹੈ ਕਿਉਂਕਿ ਹਾਲੀਵੁੱਡ ਨੂੰ ਬਿਜਨਸ ਚਾਹੀਦਾ ਹੈ ਤੇ ਬਾਲੀਵੁੱਡ ਨੂੰ ਨਵੀਂ ਤੋਂ ਨਵੀਂ ਤਕਨੀਕ। ਇਸ ਕਰਕੇ ਹਾਲੀਵੁੱਡ ਬਾਲੀਵੁੱਡ ਨੂੰ ਆ ਰਿਹਾ ਤੇ ਪੰਜਾਬੀ ਹਾਲੀਵੁੱਡ ਵੱਲ ਨੂੰ ਰੁਖ ਕਰ ਰਹੇ ਹਨ । ਇਸ ਕਥਨ ਨੂੰ ਬਾਲੀਵੁੱਡ ਵਿੱਚ ਬੱਲੇ ਬੱਲੇ ਲੇਖ ਦੇ ਆਧਾਰ ਤੇ ਸਿੱਧ ਕਰੋ।

(ੲ) 19ਵੀਂ ਸਦੀ ਤੱਕ ਕੇਵਲ ਕਿੱਸਾਕਾਰ ਜਾਤੀਆਂ ਦੇ ਲੋਕ- ਗਾਇਕ ਜਾਂ ਰਾਗੀ ਢਾਡੀ ਹੀ ਗਾਇਕੀ ਨਾਲ ਸੰਬੰਧਿਤ ਸਨ,ਪਰੰਤੂ 20ਵੀਂ ਸਦੀ ਵਿੱਚ ਗਾਇਕ ਕਲਾ ਨਾਲ ਹੋਰਨਾਂ ਵਰਗਾਂ ਦੇ ਲੋਕ ਵੀ ਜੁੜਨ ਲੱਗ ਪਏ ਅਤੇ ਲੋਕ - ਕਿੱਸਿਆਂ ਤੇ ਵਾਰਾਂ ਦੇ ਨਾਲ - ਨਾਲ ਗੀਤ ਵੀ ਗਾਏ ਜਾਣ ਲੱਗੇ । ਇਸ ਕਥਨ ਦੇ ਆਧਾਰ 'ਤੇ ਪੰਜਾਬੀ ਗਾਇਕੀ ਦੇ ਇਤਿਹਾਸ ਬਾਰੇ ਚਾਨਣਾ ਪਾਉ।

(ਸ) ਮਾਤ- ਭਾਸ਼ਾ ਵਿੱਚ ਪ੍ਰਾਪਤ ਕੀਤੀ ਗਈ ਸਿੱਖਿਆ ਨਾਲ ਵਿਦਿਆਰਥੀ ਕਿਸੇ ਵੀ ਮੁਕਾਮ ਵਿੱਚ ਜਿੱਤ ਪ੍ਰਾਪਤ ਕਰ ਸਕਦਾ ਹੈ। ਇਸ ਕਥਨ ਨੂੰ ਮੇਰੀ ਪੜ੍ਹਾਈ ਲੇਖ ਦੇ ਆਧਾਰ 'ਤੇ ਸਿੱਧ ਕਰੋ।

(ਹ) ਇਤਿਹਾਸ ਗਵਾਹ ਹੈ ਕਿ ਜਿੱਥੇ ਗੁਰੂ ਸਾਹਿਬਾਨ ਆਪਣਾ ਸਾਰਾ ਸਮਾਂ, ਸ਼ਕਤੀ ਤੇ ਸਾਧਨ ਲੋਕਾਂ ਨੂੰ ਰੂਹਾਨੀ ਅਗਵਾਈ ਦੇਣ ਲਈ ਲਾ ਦਿੰਦੇ ਸਨ, ਉੱਥੇ ਗੁਰੂ ਮਹਿਲ ਗੁਰੂ ਸਾਹਿਬਾਂ ਦੇ ਉਦੇਸ਼ ਦੀ ਪ੍ਰਾਪਤੀ ਲਈ ਪੂਰੇ ਜੀ ਜਾਨ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹਿੰਦੇ ਸਨ। ਇਸ ਕਥਨ ਦੀ ਪੁਸ਼ਟੀ ਕਰੋ।

6*2= 12ਅੰਕ

ਭਾਗ ਅ.1

ਪ੍ਰਸ਼ਨ 3: ਹੇਠਾਂ ਦਿੱਤੇ ਹੋਏ ਚਿੱਠੀ ਪੱਤਰਾਂ ਵਿੱਚੋਂ ਕੋਈ ਇੱਕ ਪੱਤਰ ਕਰੋ

(ੳ) ਤੁਹਾਡਾ ਮੋਟਰ ਸਾਈਕਲ ਗੁਆਚ ਗਿਆ ਹੈ, ਤੁਸੀਂ ਉਸਦੀ ਥਾਣੇ ਵਿੱਚ ਰਿਪੋਰਟ ਲਿਖਾਉਣ ਲਈ ਬੇਨਤੀ ਪੱਤਰ ਲਿਖੋ ? ਜਾਂ

(ਅ) ਬਲਾਤਕਾਰ ਦੀਆਂ ਵੱਧ ਰਹੀਆਂ ਵਾਰਦਾਤਾਂ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਪੱਤਰ ਲਿਖੋ ?ਜਾਂ

ਪ.ਤ.ਓ.

(ੲ) ਕਿਸੇ ਕਿਤਾਬਾਂ ਵਾਲੇ ਨੂੰ ਪੱਤਰ ਲਿਖ ਕੇ ਕੁਝ ਕਿਤਾਬਾਂ ਮੰਗਵਾਉਣ ਦਾ ਆਰਡਰ ਭੇਜੋ? 09 ਅੰਕ

ਭਾਗ ਅ.2

ਪ੍ਰਸ਼ਨ ੪: ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਹੱਲ ਕਰੋ :

(ੳ) ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਸ਼ਬਦ ਬਣਤਰ ਤੇ ਨੋਟ ਲਿਖੋ

(ਅ) ਉਪਭਾਸ਼ਾ ਦੀ ਪਰਿਭਾਸ਼ਾ ਦਿੰਦੇ ਹੋਏ ਮਾਝੀ ਤੇ ਮਲਵਈ ਉਪਭਾਸ਼ਾਵਾਂ ਤੇ ਨੋਟ ਲਿਖੋ। 12 ਅੰਕ

ਭਾਗ ੲ

ਪ੍ਰਸ਼ਨ ੫ : ਸਾਰੇ ਪ੍ਰਸ਼ਨਾਂ ਲਾਜ਼ਮੀ ਹਨ।

(ੳ) ਚੀਨ ਵਿੱਚ 'ਬੇਬੀ ਵਾਟਰ' ਕਿਸਨੂੰ ਕਹਿੰਦੇ ਹਨ?

(ਅ) ਪੰਜਾਬੀ ਸਾਹਿਤ ਦੀ ਰਚਨਾ ਕਰਨ ਵਾਲੇ ਕਿਹੜੇ ਸਾਹਿਤਕਾਰਾਂ ਨੇ ਗੀਤ ਰਚਨਾ ਵੀ ਕੀਤੀ ਹੈ?

(ੲ) ਵਿਕਟੋਰੀਆ ਕਿਹੋ ਜਿਹਾ ਸ਼ਹਿਰ ਹੈ ਤੇ ਇਹ ਕਿੱਥੇ ਸਥਿਤ ਹੈ ?

(ਸ) ਲੇਖਕ ਕਬੱਡੀ ਨੂੰ ਪੰਜਾਬੀਆਂ ਦੀ ਮਾਂ ਖੇਡ ਕਿਉਂ ਕਹਿੰਦਾ ਹੈ?

(ਹ) ਲੇਖਕ ਭੂਤਵਾੜਾ ਕਿਸਨੂੰ ਕਹਿੰਦਾ ਹੈ?

(ਕ) ਲੇਖਕ ਅਨੁਸਾਰ ਉਸਾਰੂ ਵਿਚਾਰਾਂ ਵਾਲਾ ਮਨੁੱਖ ਕਿਹੋ ਜਿਹਾ ਹੁੰਦਾ ਹੈ?

(ਖ) ਮਾਤਾ ਜੀਤੋ ਜੀ ਦੀ ਸਿੱਖ ਧਰਮ ਨੂੰ ਕੀ ਦੇਣ ਹੈ?

(ਗ) ਭਾਸ਼ਾ ਦੀ ਪਰਿਭਾਸ਼ਾ ਦਿਉ?

(ਘ) ਪੁਆਧੀ ਉਪਭਾਸ਼ਾ ਦੇ ਪਛਾਣ ਚਿੰਨ੍ਹ ਦੱਸੋ ?

(ਙ) ਟਕਸਾਲੀ ਭਾਸ਼ਾ ਕਿਸਨੂੰ ਕਿਹਾ ਜਾਂਦਾ ਹੈ?

(ਚ) ਪਿਛੇਤਰ ਦੀ ਪਰਿਭਾਸ਼ਾ ਦਿਉ?

(ਛ) ਸੰਯੁਕਤ ਸ਼ਬਦ ਕਿਸ ਨੂੰ ਕਹਿੰਦੇ ਹਨ ?

(ਜ) ਵਿਕਾਰੀ ਅਤੇ ਅਵਿਕਾਰੀ ਸ਼ਬਦਾਂ ਵਿੱਚ ਅੰਤਰ ਸਪਸ਼ਟ ਕਰੋ?

(ਝ) ਕ੍ਰਿਉਲ ਭਾਸ਼ਾ ਕਿਸਨੂੰ ਕਿਹਾ ਜਾਂਦਾ ਹੈ ?

(ਞ) ਕੋਸ਼ਗਤ ਅਤੇ ਵਿਆਕਰਨਿਕ ਸ਼ਬਦਾਂ ਵਿੱਚ ਅੰਤਰ ਸਪਸ਼ਟ ਕਰੋ?

851/ML

15*2 = = 30 ਅੰਕ